**ਗਿਆਨੀ ਜੈਲ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ, ਬਠਿੰਡਾ ਵਿਖੇ ਦਰਖਤਾਂ ਅਤੇ ਲੱਕੜ ਦੀ ਬੋਲੀ ਸਬੰਧੀ ਜ਼ਰੂਰੀ ਸ਼ਰਤਾਂ :**
**ਬੋਲੀ ਦੀ ਮਿਤੀ 26-11-2013**

1. ਹਰ ਬੋਲੀਕਾਰ ਬੋਲੀ ਦੇ ਮੌਕੇ ਤੇ ਬੋਲੀ ਦੇਣ ਤੋ ਪਹਿਲਾਂ ਬਤੌਰ ਜ਼ਮਾਨਤੀ ਰਕਮ ਰੁਪਏ 200000/- (ਦੋ ਲੱਖ) ਜਮ੍ਹਾਂ ਕਰਵਾਏਗਾ ਅਤੇ ਇਹ ਰਕਮ ਜਿਸ ਦੀ ਬੋਲੀ ਪ੍ਰਵਾਨ ਹੋਵੇਗੀ, ਨੂੰ ਛੱਡ ਕੇ ਬਾਕੀਆਂ ਦੀ ਮੌਕੇ ਤੇ ਹੀ ਵਾਪਸ ਕਰ ਦਿੱਤੀ ਜਾਵੇਗੀ। ਸਭ ਤੋ ਵੱਧ ਬੋਲੀ ਦੇਣ ਵਾਲੇ ਨੂੰ ਲੱਕੜ ਦੇ ਦਿੱਤੀ ਜਾਵੇਗੀ। ਸਰਕਾਰੀ ਬੋਲੀ ਰੁਪਏ 1200000/- (ਬਾਰਾਂ ਲੱਖ) ਰੱਖੀ ਗਈ ਹੈ।
2. ਸਫਲ ਬੋਲੀਦਾਤਾ ਬੋਲੀ ਦੀ ਬਾਕੀ ਰਕਮ ਤਿੰਨ ਦਿਨਾਂ ਦੇ ਅੰਦਰ ਅੰਦਰ ਜਮ੍ਹਾਂ ਕਰਵਾਏਗਾ ਅਤੇ ਉਸ ਤੋ ਬਾਅਦ ਹੀ ਲੱਕੜ ਚੁੱਕ ਸਕੇਗਾ।
3. ਲੱਕੜ ਦੀ ਢੋਆ-ਢੁਆਈ ਦਾ ਖਰਚਾ ਬੋਲੀਕਾਰ ਦਾ ਹੋਵੇਗਾ।
4. ਲੱਕੜ ਉਪਰ ਕੋਈ ਚੁੰਗੀ/ਟੈਕਸ ਵਗੈਰਾ ਲਗਦੀ ਹੈ ਤਾਂ ਉਸ ਦਾ ਖਰਚਾ ਵੀ ਬੋਲੀਕਾਰ ਦਾ ਹਵੇਗਾ।
5. ਲੱਕੜ ਜੀ.ਜੈਡ.ਐਸ. ਪੀ.ਟੀ.ਯੂ. ਕੈਂਪਸ ਦੇ ਗੇਟ ਤੋ ਬਾਹਰ ਜਾਣ ਉਪਰੰਤ ਜੀ.ਜੈਡ.ਐਸ. ਪੀ.ਟੀ.ਯੂ. ਕੈਂਪਸ, ਬਠਿੰਡਾ ਦੀ ਕਿਸੇ ਤਰ੍ਹਾਂ ਦੀ ਕੋਈ ਜ਼ਿਮੇਵਾਰੀ ਨਹੀ ਹੋਵੇਗੀ।
6. ਲੱਕੜ ਪੁੱਟ ਕੇ 10 (ਦਸ) ਦਿਨਾਂ ਦੇ ਅੰਦਰ ਅੰਦਰ ਚੁੱਕਣੀ ਹੋਵੇਗੀ।

ਕੈਂਪਸ ਡਾਇਰੈਕਟਰ,
ਪੀ.ਟੀ.ਯੂ. ਜੀ.ਜੈਡ.ਐਸ. ਕੈਂਪਸ
ਬਠਿੰਡਾ।

# ਬੋਲੀ ਸਬੰਧੀ ਸੂਚਨਾਂ

ਗਿਆਨੀ ਜ਼ੈਲ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਬਠਿੰਡਾ ਵਿਖੇ ਬਣਨ ਵਾਲੇ ਰੈਜੀਡੈਂਸ਼ਲ ਸਕੂਲ ਸਾਈਟ ਤੇ ਦਰਖਤਾਂ ਅਤੇ ਕਾਲਜ ਵਿਚ ਪਈ ਲੱਕੜ ਜਿਵੇ ਹੈ ਜਿਥੇ ਹੈ, ਨੂੰ ਵੇਚਣ ਲਈ ਖੁੱਲ੍ਹੀ ਬੋਲੀ ਮਿਤੀ 20-11-2013 ਦਿਨ ਬੁੱਧਵਾਰ ਨੂੰ ਰੱਖੀ ਗਈ ਸੀ।ਪਰੰਤੂ ਕੁੱਝ ਪ੍ਰਬੰਧਕੀ ਕਾਰਨਾਂ ਨੂੰ ਮੁੱਖ ਰੱਖਦੇ ਹੋਏ ਹੁਣ ਇਹ ਬੋਲੀ ਦੁਬਾਰਾ ਮਿਤੀ 26-11-2013 ਨੂੰ ਸਵੇਰੇ 11.00 ਵਜੇ ਗਿਆਨੀ ਜ਼ੈਲ ਸਿੰਘ ਪੰਜਾਬ ਟੈਕਨੀਕਲ ਯੂਨੀਵਰਸਿਟੀ ਕੈਂਪਸ ਦੇ ਕਮੇਟੀ ਰੂਮ ਵਿੱਚ ਰੱਖੀ ਗਈ ਹੈ। ਚਾਹਵਾਨ ਸੱਜਣ ਜਿਹੜੇ ਬੋਲੀ ਵਿਚ ਭਾਗ ਲੈਣਾ ਚਾਹੁੰਦੇ ਹਨ ਉਪਰੋਕਤ ਮਿਤੀ ਅਤੇ ਸਮੇ ਅਨੁਸਾਰ 2,00000/- ਰੁਪਏ ਜ਼ਮਾਨਤੀ ਰਕਮ ਜਮ੍ਹਾਂ ਕਰਵਾ ਕੇ ਬੋਲੀ ਵਿਚ ਭਾਗ ਲੈ ਸਕਦੇ ਹਨ। ਬਾਕੀ ਦੀਆਂ ਸ਼ਰਤਾਂ ਪਹਿਲਾਂ ਵਾਲੀਆਂ ਹੀ ਹੋਣਗੀਆਂ।

ਬੋਲੀ ਦੀਆਂ ਸ਼ਰਤਾਂ ਕਾਲਜ ਦੀ ਵੈਬਸਾਈਟ www.gzscetbti.gov.in ਤੇ ਦੇਖੀਆਂ ਜਾ ਸਕਦੀਆਂ ਹਨ।

ਕੈਂਪਸ ਡਾਇਰੈਕਟਰ
ਗਿਆਨੀ ਜ਼ੈਲ ਸਿੰਘ ਪੰਜਾਬ ਟੈਕਨੀਕਲ
ਯੂਨੀਵਰਸਿਟੀ ਕੈਂਪਸ
ਬਠਿੰਡਾ